# ਸ. ਕਿਸ਼ਨ ਸਿੰਘ (ਪਿਤਾ ਸ਼ਹੀਦ ਭਗਤ ਸਿੰਘ) ਤੇ ਗ਼ਦਰੀ ਕਿਰਤੀ ਲਹਿਰਾਂ

ਮਲਵਿੰਦਰ ਜੀਤ ਸਿੰਘ ਵੜੈਚ

ਸ੍ਰੋਤ:— "ਦੀ ਗ਼ਦਰ ਡਾਇਰੈਕਟਰੀ" ਸੰਕਲਿਤ ਕਰਤਾ: ਡਾਇਰੈਕਟਰ ਇੰਟੈਲੀਜੈਂਸ ਬਿਉਰੋ, ਹੋਮ ਡਿਪਾਰਟਮੈਂਟ, ਗੌਰਮੈਂਟ ਔਫ਼ ਇੰਡੀਆ — ਮਿਤੀ 29 ਮਾਰਚ 1934 : ਅਨੁਵਾਦਿਕ।

ਕਿਸ਼ਨ ਸਿੰਘ ਸਪੁੱਤਰ ਅਰਜਨ ਸਿੰਘ, ਸੰਧੂ ਜੱਟ, ਮੂਲ ਵਾਸੀ ਖਟਕਰ ਕਲਾਂ, ਥਾਣਾ ਬੰਗਾ, ਜ਼ਿਲ੍ਹਾ ਜਲੰਧਰ, ਅਤੇ ਹੁਣ ਰਹਿੰਦਾ ਹੈ ਲਾਹੌਰ, ਉਹ ਦੇਸ਼-ਨਿਕਾਲਾ ਪੀੜਤ (Deportee) ਅਜੀਤ ਸਿੰਘ ਦਾ ਭਰਾ ਹੈ ਅਤੇ ਲਾਹੌਰ ਸਾਜਿਸ਼ ਕੇਸ 'ਚ ਫਾਂਸੀ ਲਾਏ ਗਏ ਭਗਤ ਸਿੰਘ ਦਾ ਪਿਤਾ ਹੈ: ਉਹ ਡੀ.ਏ.ਵੀ. ਕਾਲਜ, ਲਾਹੌਰ 'ਚ ਪੜ੍ਹਿਆ ਸੀ। ਉਹ 1907 ਵਾਲੀ ਤਹਿਰੀਕ 'ਚ ਮੂਹਰੇ ਸੀ, ਜਦੋਂ ਉਹਨੂੰ ਦੋ ਸਾਲ ਸਖ਼ਤ ਕੈਦ ਹੋਈ ਸੀ। ਮਗਰੋਂ ਉਹ ਭਾਰਤ ਮਾਤਾ ਸੋਸਾਇਟੀ 'ਚ ਸਰਗਰਮ ਹੋਇਆ, ਜਿਸ ਖਾਤਰ ਉਹ ਨੇ ਦਫ਼ਾ 124-ਏ ਤਹਿਤ ਇੱਕ ਸਾਲ ਪੰਜ ਮਹੀਨੇ ਜੇਲ੍ਹ ਭੁਗਤੀ ਸੀ। ਫਰਵਰੀ 1914 ਤੋਂ ਸਾਲ 1919 ਦੇ ਅਖ਼ੀਰ ਤੱਕ ਉਹਨੇ ਰਾਜਸੀ ਸਰਗਰਮੀਆਂ 'ਚ ਹਿੱਸਾ ਨਹੀਂ ਲਿਆ। 1920 ਅਤੇ 1921 ਦੌਰਾਨ ਉਹਨੇ ਲਾਹੌਰ ਅਤੇ ਲਾਇਲਪੁਰ (ਕ੍ਰਮਵਾਰ) 'ਚ ਹੋਏ ਸਿਖ ਲੀਗ ਦੇ ਸਮਾਗਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਉਹ ਪੰਜਾਬ ਪਰੋਵਿਨਸ਼ਲ ਕਾਂਗਰਸ ਕਮੇਟੀ 'ਚ ਸ਼ਾਮਿਲ ਹੋਇਆ ਅਤੇ ਪੰਜਾਬ ਸਵਰਾਜ ਆਸ਼ਰਮ ਅੰਮ੍ਰਿਤਸਰ 'ਚ ਵੀ ਸਮੂਲੀਅਤ ਕੀਤੀ। 1923 ਵੇਲੇ ਉਹਨੇ ਰਾਸ ਬਿਹਾਰੀ ਬੋਸ (ਜੋ ਉਸ ਵੇਲੇ ਜਾਪਾਨ 'ਚ ਸੀ) ਲਈ ਉਗਰਾਹੀ ਕੀਤੀ। ਉਹ ਸਿਵਲ-ਨਾ-ਫ਼ੁਰਮਾਨੀ (Civil Disobedience Movement) ਦਾ ਮੁਦਈ ਹੈ ਅਤੇ ਜ਼ਮੀਨ ਦਾ ਮਾਲੀਆ ਵਧਾਉਣ ਵਿਰੁੱਧ ਵਿੱਢੀ ਗਈ ਨਾਕਾਮ ਐਜੀਟੇਸ਼ਨ ਦਾ ਸੂਤਰਧਾਰ ਸੀ। ਉਹ ਕੋਆਪਰੇਟਿਵ ਇਨਸ਼ੂਰੈਂਸ ਕੰਪਨੀ ਕਲਕੱਤਾ ਦਾ ਚੀਫ਼ ਏਜੰਟ ਸੀ ਤੇ 1927 ਦੌਰਾਨ ਲਾਹੌਰੀ ਗੇਟ, ਲਾਹੌਰ ਉਹਦਾ ਦਫ਼ਤਰ ਸੀ। 25 ਫਰਵਰੀ 1927 ਨੂੰ ਉਹ ਸ਼ਹਿਰੀ ਕਾਂਗਰੇਸ ਕਮੇਟੀ ਦੀ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਿਆ। ਪਹਿਲੀ ਜੂਨ 1928 ਨੂੰ ਉਹ ਡਾ. ਹਾਰਦਿਕਰ ਸਥਾਪਤ ਹਿੰਦੁਸਤਾਨੀ ਸੇਵਾ ਦਲ ਦਾ ਮੈਂਬਰ ਬਣਿਆ, ਜਿਸ ਦਾ ਉਦੇਸ਼ ਵਿਦੇਸ਼ੀ ਜਬਰ ਹੇਠਾਂ ਲਤਾੜੇ ਹੋਏ ਲੋਕਾਂ ਅੰਦਰ ਮਰਦਾਨਗੀ ਦਾ ਜਜਬਾ ਉਭਾਰਨਾ ਸੀ। ਬਾਰਦੋਲੀ ਸਤਿਆਗ੍ਰਹਿ ਦੇ ਸੰਬੰਧ ਵਿੱਚ ਉਹਨੂੰ ਨਜ਼ਰਬੰਦ ਰੱਖਿਆ ਗਿਆ। ਉਹ ਨਜਵਾਨ ਭਾਰਤ ਸਭਾ ਵੱਲੋਂ 16 ਦਸੰਬਰ 1928 ਨੂੰ ਮਨਾਏ ਗਏ 'ਕਾਕੋਰੀ ਦਿਵਸ' ਦੇ ਸਮਾਗਮ ਵਿੱਚ ਹਾਜ਼ਰ ਸੀ। 1929 ਦੌਰਾਨ ਉਸ ਨੇ ਕਈ ਰਾਜਸੀ ਇਕੱਠਾਂ ਵਿੱਚ ਨੌਜਵਾਨਾਂ ਨੂੰ ਉਹਨਾਂ ਉਦੇਸ਼ਾਂ ਲਈ ਮੈਦਾਨ ਵਿੱਚ ਨਿਤਰਨ ਲਈ ਵੰਗਾਰਿਆ, ਜਿਨ੍ਹਾਂ ਖਾਤਰ ਉਹਦੇ ਬੇਟੇ ਭਗਤ ਸਿੰਘ ਤੇ ਦੱਤ ਨੇ ਆਪਣੀਆਂ ਜਾਨਾਂ ਦੀ ਬਾਜ਼ੀ ਲਾਈ ਸੀ। ਉਹਨੇ 24 ਨਵੰਬਰ 1929 ਨੂੰ ਜਲਿਆਂਵਾਲੇ ਬਾਗ਼ ਅੰਦਰ ਕੌਮੀ ਝੰਡਾ ਲਹਿਰਾਇਆ ਸੀ। ਉਹਨੇ ਦਸੰਬਰ 1929 ਤੇ ਜਨਵਰੀ 1930 ਦੇ ਦਿਨੀਂ ਰਾਜਸੀ ਪੀੜ੍ਹਤ ਸਭਾ (Political Sufferers League) ਦੀਆਂ ਬੈਠਕਾਂ 'ਚ ਹਾਜ਼ਰੀ ਭਰਦਿਆਂ ਹੋਇਆ ਸ਼ਹੀਦੀ ਸਮਾਗਮਾਂ ਨੂੰ ਢੁਕਵੇਂ ਤੌਰ ਤੇ ਮਨਾਏ ਜਾਣ ਤੇ ਜ਼ੋਰ ਦੇਂਦਾ ਰਿਹਾ ਸੀ। ਮਾਰਚ-ਅਪ੍ਰੈਲ 1930 ਦੇ ਦਿਨੀਂ ਉਹਨੇ ਸ਼ੇਖ਼ੂਪੁਰਾ, ਜੇਹਲਮ ਅਤੇ ਰਾਵਲਪਿੰਡੀ ਵਿਖੇ ਕੀਤੇ ਗਏ ਜਲਸਿਆਂ 'ਚ ਸਰਕਾਰੀ ਨਿਆਂ ਵਿਵਸਥਾ ਦੀ ਨਿੰਦਿਆ ਕਰਦੇ ਹੋਏ ਉਸ ਨੇ ਸਵਰਾਜ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ। ਮਾਰਚ 1930 'ਚ ਮਨਾਏ ਗਏ 'ਮੇਰਠ ਦਿਵਸ' ਮੌਕੇ ਨੌਜਵਾਨ ਭਾਰਤ ਸਭਾ ਦੇ ਜਲਸੇ ਵਿੱਚ (ਕਮਿਊਨਿਸਟ) ਮੁਲਜ਼ਮਾਂ ਦੀਆਂ ਘਾਲਨਾਵਾਂ ਦੀ ਸਰਾਹਨਾ ਕੀਤੀ। ਅਪ੍ਰੈਲ 1930 ਦੇ ਪਹਿਲੇ ਹਫ਼ਤੇ ਗੁਜਰਾਂਵਾਲੇ ਸਤਿਆਗ੍ਰਹਿ ਕਾਨਫਰੰਸ ਵਿੱਚ ਉਹਨੇ ਲੋਕਾਂ ਨੂੰ ਸਿਵਲ ਨਾਫਰਮਾਨੀ (ਤਹਿਰੀਕ) ਸ਼ੁਰੂ ਕਰਨ ਲਈ ਪ੍ਰੇਰਿਆ। 22 ਅਪ੍ਰੈਲ 1930 ਨੂੰ ਲੁਧਿਆਣੇ ਅਮਨ ਸਭਾ 'ਚ, ਹੁਲੜਬਾਜ਼ੀ ਮਚਾਉਣ ਦੇ ਦੋਸ਼ 'ਚ ਦਫ਼ਾ 147/332 ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਲਾਹੌਰ ਸਾਜਿਸ਼ ਕੇਸ ਡਿਫੈਂਸ ਕਮੇਟੀ ਵੱਲੋਂ ਬੁਲਾਈ ਗਈ ਮੀਟਿੰਗ ਵਿੱਚ ਉਸ ਨੇ ਸਾਜਿਸ਼ ਕੇਸ ਦੇ ਦੋਸ਼ੀਆਂ ਦੀਆਂ ਘਾਲਨਾਵਾਂ ਦੀ ਸ਼ਲਾਘਾ ਕੀਤੀ।

ਨਵੰਬਰ 1930 ਵਾਲੀ ਤੀਸਰੀ ਕੁਲ ਹਿੰਦ ਵਿਦਿਆਰਥੀ ਕਾਨਫ਼ਰੰਸ ਮੌਕੇ ਉਹਨੇ ਵਿਦਿਆਰਥੀਆਂ ਨੂੰ ਦੇਸ਼ ਲਈ ਵੱਧ-ਚੜ੍ਹ ਕੇ ਯੋਗਦਾਨ ਪਾਉਣ ਲਈ ਕਿਹਾ। ਜਨਵਰੀ 1931 ਦੌਰਾਨ ਲੁਧਿਆਣੇ ਕੀਤੀ ਗਈ ਖ਼ੁਫ਼ੀਆ ਮੀਟਿੰਗ 'ਚ ਭਾਗ ਲਿਆ ਜਿਸ ਵਿੱਚ ਡਿਪਟੀ ਕਮਿਸ਼ਨਰ ਤੇ ਹੋਰ ਸਰਕਾਰੀ ਕਰਮਚਾਰੀਆਂ ਨੂੰ ਮਾਰਨ-ਕੁਟਣ ਬਾਰੇ ਚਰਚਾ ਹੋਈ ਦਸੀ

ਜਾਂਦੀ ਹੈ। ਮਗਰੋਂ ਉਹਨੇ ਭਗਤ ਸਿੰਘ ਮੈਮੋਰੀਅਲ ਦੀ ਉਸਾਰੀ ਵਾਸਤੇ ਉਗਰਾਹੀ ਕਰਨ ਖਾਤਰ ਪੰਜਾਬ ਦਾ ਦੌਰਾ ਕੀਤਾ। 20 ਸਤੰਬਰ 1931 ਨੂੰ ਸਹਾਰਨਪੁਰ ਵਿਖੇ ਪਹਿਲੀ ਨੌਜਵਾਨ ਭਾਰਤ ਸਭਾ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਜਿੱਥੇ 'ਲਾਲ ਝੰਡਾ' ਝੁਲਾਇਆ ਗਿਆ ਤੇ ਪਿੱਛੋਂ 27 ਨਵੰਬਰ 1931 ਨੂੰ ਲੁਧਿਆਣੇ ਹੋਈ ਪਰੋਵਿਨਸ਼ਲ ਕਾਨਫਰੰਸ ਵਿੱਚ ਵੀ ਹਿੱਸਾ ਲਿਆ।

5 ਦਸੰਬਰ 1931 ਨੂੰ ਲੁਧਿਆਣਾ ਹੁਲੜਬਾਜ਼ੀ ਕੇਸ ਸੰਬੰਧੀ ਮੁਕਦਮੇ 'ਚ ਦਫ਼ਾ 147-151 ਤਹਿਤ 6 ਮਹੀਨੇ ਦੀ ਕੈਦ ਤੇ 60 ਰੁਪੈ ਜ਼ੁਰਮਾਨੇ ਦੀ ਸਜ਼ਾ ਸੁਨਾਈ ਗਈ ਸੀ। ਸਜ਼ਾ ਪੂਰੀ ਹੋਣ ਤੇ ਉਸ ਨੂੰ ਛੇ ਮਹੀਨੇ ਲਈ 500 ਰੁਪੈ ਦੀ ਜ਼ਮਾਨਤ ਤੇ ਅਮਨ-ਅਮਾਨ ਨਾਲ ਰਹਿਣ ਲਈ ਪਾਬੰਦ ਕੀਤਾ ਗਿਆ ਸੀ। ਜ਼ਮਾਨਤ ਤੋਂ ਰਿਹਾਈ ਪਿੱਛੋਂ ਉਹ 6 ਦਸੰਬਰ 1931 ਨੂੰ ਲੁਧਿਆਨਿਉਂ ਲਾਹੌਰ ਚਲਾ ਗਿਆ ਸੀ। ਇਹ ਇੱਕ ਖਤਰਨਾਕ ਵਿਅਕਤੀ ਹੈ ਅਤੇ ਉਘੇ ਰਾਜਸੀ ਕਾਰਕੁਨਾਂ ਅਤੇ ਅਤਿਵਾਦੀਆਂ ਨਾਲ ਨੇੜਤਾ ਰੱਖਦਾ ਹੈ। ਉਹਦਾ ਰੋਮ-ਰੋਮ ਬਾਗ਼ੀਆਨਾ ਤੇ ਅੰਗ੍ਰੇਜ਼ ਵਿਰੋਧੀ ਹੈ। ਪਿੱਛੇ ਜਹੇ ਉਹਦਾ ਪਿਤਾ ਅਰਜਨ ਸਿੰਘ ਬੰਗਾ ਚੱਕ ਨੰ. 105 ਜੀ.ਬੀ.ਐਸ. ਜੜ੍ਹਾਂਵਾਲਾ ਵਿਖੇ ਗੁਜ਼ਰ ਗਿਆ ਸੀ।

**ਪਛਾਣ**: ਉਮਰ 57 ਸਾਲ ਦੇ ਨੇੜ-ਤੇੜ, ਦਰਮਿਆਨੀ ਡੀਲ-ਡੌਲ, ਰੰਗ ਕਣਕ ਵਿੰਨਾ, ਲੰਮਾ ਚਿਹਰਾ, ਤਿੱਖਾ ਨੱਕ, ਛੇ ਕੁ ਇੰਚ ਲੰਮੀ ਸਫ਼ੇਦ ਦਾੜ੍ਹੀ, ਥੋੜ੍ਹੀ ਕੁ ਅੰਗ੍ਰੇਜ਼ੀ ਜਾਣਦਾ ਹੈ। ਚੱਲਣ ਵੇਲੇ ਖੱਬੀ ਲੱਤ ਕੁੱਝ ਵਧੇਰੇ ਲਿਫ਼ਦੀ ਹੈ। (ਸਾਲ 1933-34 —ਸੰਪਾਦਕ)

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109
ਫੋਨ: 0172-2556314
ਈਮੇਲ: mjswaraich29@gmail.com